get ready QUEENSLAND

# ਨਿਕਾਸੀ ਲਈ ਆਪਣੇ ਘਰ ਦੇ ਸਦੱਸਾਂ ਨੂੰ ਤਿਆਰ ਕਰੋ

Queensland Government

ਅਸੀਂ ਕਵੀਂਸਲੈਂਡ ਵਿੱਚ ਵਧੀਆ ਵਾਤਾਵਰਨ ਅਤੇ ਜੀਵਨਸ਼ੈਲੀ ਦਾ ਆਨੰਦ ਮਾਣਦੇ ਹਾਂ। ਹਾਲਾਂਕਿ ਕੁਦਰਤੀ ਖਤਰੇ ਜਿਵੇਂ ਕਿ ਝੱਖੜ, ਤੂਫ਼ਾਨ ਅਤੇ ਹੜ੍ਹ ਸਾਡੇ ਵਾਤਾਵਰਣ ਦੇ ਅਟੱਲ ਹਿੱਸੇ ਹਨ । ਇਤਿਹਾਸ ਨੇ ਦਰਸ਼ਾਇਆ ਹੈ ਕੀ ਅਸੀਂ ਇਹਨਾਂ ਤੋਂ ਹੋਣ ਵਾਲੇ ਖਤਰਿਆਂ ਪ੍ਰਤੀ ਲਾਪਰਵਾਹ ਨਹੀਂ ਹੋ ਸਕਦੇ ।

ਹੁਣ ਐਮਰਜੈਂਸੀ ਨਾਲ ਨਿਪਟਣ ਲਈ ਤਿਆਰ ਰਹੋ:

- ਆਪਣੀ ਐਮਰਜੈਂਸੀ ਯੋਜਨਾ ਤਿਆਰ ਕਰੋ ;
- ਆਪਣੀ ਐਮਰਜੈਂਸੀ ਕਿਟ ਤਿਆਰ ਕਰੋ,
- ਆਪਣੇ ਘਰ ਨੂੰ ਠੀਕ ਕਰੋ ਅਤੇ
- ਰੇਡੀਓ ਅਤੇ ਟੀਵੀ ਤੇ ਚੇਤਾਵਨੀਆਂ ਸੁਣੋ।

ਇਹ ਸੌਖੇ ਕੰਮ ਤੁਹਾਨੂੰ ਜੀਵਿਤ ਰਹਿਣ ਅਤੇ ਕੁਦਰਤੀ ਸੰਕਟਾਂ ਦੇ ਪ੍ਰਭਾਵ ਨੂੰ ਘੱਟ ਕਰਨ ਵਾਸਤੇ ਤਿਆਰ ਰਹਿਣ ਲਈ ਮਦਦ ਕਰ ਸਕਦੇ ਹਨ।

ਜੇਕਰ ਤੁਸੀਂ ਹੜ੍ਹ ਜਾਂ ਤੂਫ਼ਾਨ ਸੰਭਾਵਿਤ ਖੇਤਰ ਵਿੱਚ ਰਹਿੰਦੇ ਹੋ ਤਾਂ ਹੁਣੇ ਨਿਕਾਸ ਦੀ ਯੋਜਨਾ ਬਨਾਉਣ ਨਾਲ ਐਮਰਜੈਂਸੀ ਦੀ ਸਥਿੱਤੀ ਵਿੱਚ ਤੁਹਾਡਾ ਸਮਾਂ ਬਚੇਗਾ ਅਤੇ ਤਣਾਉ ਨਹੀਂ ਹੋਵੇਗਾ।

**ਤੁਹਾਡੀ ਐਮਰਜੈਂਸੀ ਯੋਜਨਾ ਦੇ ਨਿਕਾਸੀ ਪ੍ਰਬੰਧਾਂ ਵਿੱਚ ਮਦਦ ਲਈ ਹੇਠਾਂ ਤਿੰਨ ਵਿਧੀਆਂ ਦਿੱਤੀਆਂ ਗਈਆਂ ਹਨ।**

1. ਨਿਕਾਸ ਸੰਬੰਧੀ ਜ਼ਰੂਰਤਾਂ ਦਾ ਪਤਾ ਲਗਾਓ

- ਕੀ ਤੁਹਾਡਾ ਘਰ ਹੜ੍ਹ, ਤੂਫ਼ਾਨ ਜਾਂ ਸੁਨਾਮੀ ਸੈਲਾਬ ਸੰਭਾਵਿਤ ਖੇਤਰ ਵਿੱਚ ਹੈ?
    - ਖਤਰਿਆਂ ਤੇਜਾਣਕਾਰੀ ਲਈ ਤੁਹਾਡੀ ਸਥਾਨਕ ਲਾਇਬ੍ਰੇਰੀ ਅਤੇ ਸਥਾਨਕ ਪਰਿਸ਼ਦ ਕੋਲੋਂ ਪਤਾ ਕਰੋ।
    - ਸਥਾਨਕ ਚੇਤਾਵਨੀ ਪ੍ਰਣਾਲੀਆਂ, ਨਿਕਾਸ ਪ੍ਰਕ੍ਰਿਆ ਅਤੇ ਨਿਯੁਕਤ ਨਿਕਾਸ ਮਾਰਗਾਂ ਬਾਰੇ ਤੁਹਾਡੇ ਸਥਾਨਕ ਪਰਿਸ਼ਦ ਕੋਲੋਂ ਪਤਾ ਕਰੋ।
- ਐਮਰਜੈਂਸੀ ਦੀ ਸਥਿੱਤੀ ਵਿੱਚ ਤੁਹਾਡੇ ਅਤੇ ਤੁਹਾਡੇ ਪਰਿਵਾਰਲਈ ਉਪਲਬਧ ਸਹਾਇਤਾ ਕੀ ਹੈ?
    - ਸਥਾਨਕ ਸਹਾਇਤਾ ਏਜੰਸੀਆਂ ਦੇ ਸੰਪਰਕ ਵੇਰਵੇ ਮੰਗੋ।
    - ਜੇਕਰ ਤੁਹਾਡੇ ਘਰ ਦੇ ਸਦੱਸਾਂ ਨੂੰ ਨਿਕਾਸ ਲਈ ਸਹਾਇਤਾ ਦੀ ਲੋੜ ਹੈ ਤਾਂ ਪਤਾ ਕਰੋ ਕਿ ਸਥਾਨਕ ਪਰਿਸ਼ਦ ਅਤੇ ਸਹਾਇਤਾ ਏਜੰਸੀਆਂ ਤੋਂ ਕੀ ਸਹਾਇਤਾ ਉਪਲਬਧ ਹੈ।
    - ਇਹ ਨਿਰਣੈ ਕਰੋ ਕਿ ਜੇਕਰ ਤੁਸੀਂ ਤੁਹਾਡੇ ਪਾਲਤੂ ਜਾਨਵਰ ਨੂੰ ਤੁਹਾਡੇ ਨਾਲ ਨਹੀਂ ਲੈ ਜਾ ਸਕਦੇ ਤਾਂ ਉਹਨਾ ਦੀ ਦੇਖਭਾਲ ਕਿਦਾਂ ਕਰੋਗੇ

2. ਤੁਹਾਡੀ ਘਰੇਲੂ ਐਮਰਜੈਂਸੀ ਯੋਜਨਾ ਵਿੱਚ ਨਿਕਾਸੀ ਦੇ ਵੇਰਵੇ ਲਿਖੋ

- ਜੇਕਰ ਹੜ੍ਹ ਜਾਂ ਤੂਫ਼ਾਨ ਦਾ ਖਤਰਾ ਹੋਵੇ ਤਾਂ ਨਿਕਾਸੀ ਲਈ ਕੋਈ ਸੁਰੱਖਿਅਤ ਸਥਾਨ ਵੇਖੋ।
    - ਜੋ ਰਿਸ਼ਤੇਦਾਰ ਜਾਂ ਮਿੱਤਰ ਕਾਫੀ ਦੂਰ ਅੰਦਰ ਜਾ ਕੇ ਜਾਂ ਉੱਪਰੀ ਜਮੀਨ ਤੇ ਰਹਿੰਦੇ ਹੋਣ, ਅਜਿਹੇ ਸੁਰੱਖਿਅਤ ਸਥਾਨ ਬੇਹਤਰ ਵਿਕਲਪ ਹੈ।
    - ਤੁਹਾਡੀ ਐਮਰਜੈਂਸੀ ਯੋਜਨਾ ਵਿੱਚ ਤੁਹਾਡੇ ਨਿਕਾਸ ਵਿਕਲਪਾਂ ਦੇ ਸੰਪਰਕ ਅਤੇ ਸਥਾਨ ਵੇਰਵੇ ਲਿਖੋ।
- ਨਿਕਾਸ ਤੋਂ ਪਹਿਲਾਂ ਸਾਰੇ ਜ਼ਰੂਰੀ ਕੰਮਾਂ ਦਾ ਪਤਾ ਲਗਾਓ ਅਤੇ ਸੂਚੀ ਬਣਾਓ। ਇਹ ਯਕੀਨੀ ਬਣਾਓ ਕਿ ਘਰ ਦੇ ਸਾਰੇ ਸਦੱਸਾਂ ਨੂੰ ਪਤਾ ਹੈ ਕਿ ਹਰੇਕ ਕੰਮ ਨੂੰ ਕਿਵੇਂ ਪੂਰਾ ਕਰਨਾ ਹੈ (ਜਿਵੇਂ ਫਰਸ਼ ਤੋਂ ਬਿਜਲੀ ਦੇ ਸਮਾਨ ਨੂੰ ਚੁੱਕਣਾ, ਪਾਣੀ, ਬਿਜਲੀ ਅਤੇ ਗੈਸ ਦੀ ਮੁੱਖ ਸਪਲਾਈ ਨੂੰ ਬੰਦ ਕਰਨਾ, ਨਾਲੀਆਂ ਤੇ ਰੇਤ ਦੀਆਂ ਬੋਰੀਆਂ ਰੱਖਣਾ)

3. ਇਹ ਯਕੀਨੀ ਬਣਾਓ ਕਿ ਘਰ ਦੇ ਸਾਰੇ ਸਦੱਸ ਤਿਆਰ ਹਨ ਅਤੇ ਉਹਨਾਂ ਨੂੰ ਸੂਚਿਤ ਕੀਤਾ ਗਿਆ ਹੈ

- ਤੁਹਾਡੀ ਨਿਕਾਸ ਕਿਟ ਵਿੱਚ ਆਪਣੇ ਨਾਲ ਲੈ ਲੈ ਜਾਨ ਵਾਲੀਆਂ ਨਿਜੀ ਅਤੇ ਖਰੇਲੂ ਚੀਜਾਂ ਦੀ ਸੂਚੀ ਬਣਾਓ(ਨਿਕਾਸ ਕਿਟ ਦੇ ਸੁਝਾਏ ਗਏ ਸਮਾਨ ਲਈ ਸਫੇ ਦੇ ਪਿਛਲੇ ਪਾਸੇ ਵੇਖੋ)
- ਇਹ ਯਕੀਨੀ ਬਣਾਉਣ ਲਈ ਕਿ ਹਰ ਕੋਈ ਨਿਕਾਸ ਲਈ ਜ਼ਰੂਰੀ ਕੰਮਾਂ ਤੋਂ ਜਾਣੂ ਹੈ, ਤੁਹਾਡੀ ਐਮਰਜੈਂਸੀ ਯੋਜਨਾ ਦੀ ਨਿਯਮਿਤ ਰੂਪ ਨਾਲ (ਹਰੇਕ ਵਰ੍ਹੇ ਤਿੰਨ ਵਾਰ) ਸਮੀਖਿਆ ਅਤੇ ਅਭਿਆਸ ਕਰੋ।
- ਇਹ ਯਕੀਨੀ ਬਣਾਓ ਕਿ ਜੇਕਰ ਤੁਹਾਨੂੰ ਕੁਝ ਸਮੇਂ ਵਿੱਚ ਹੀ ਘਰ ਛੱਡਣਾ ਪਏ ਤਾਂ ਤੁਹਾਡੇ ਗੈਰੇਜ ਵਿੱਚ ਤੁਹਾਡੇ ਕੋਲ ਸੁਰੱਖਿਆ ਨਾਲ ਸਟੋਰ ਕੀਤਾ ਇੰਧਨ ਹੈ।
- ਤੁਹਾਡੇ ਖੇਤਰ ਦੇ ਮੁੱਖ ਨਿਕਾਸ ਮਾਰਗਾਂ ਦਾ ਪਤਾ ਲਗਾਉਣ ਲਈ ਸਥਾਨਕ ਸਮੁਦਾਏ ਸੁਰੱਖਿਆ ਘੋਸ਼ਨਾਵਾਂ ਨੂੰ ਸੁਣੋ (ਰੇਡੀਓ ਅਤੇ ਟੇਲੀਵਿਜਨ ਤੇ)।
- ਆਪਣੇ ਮਿੱਤਰਾਂ ਅਤੇ ਗਵਾਂਢੀਆਂ ਖਾਸ ਤੌਰ ਤੇ ਬਜ਼ੁਰਗਾਂ ਅਤੇ ਅਪੰਗ ਲੋਕਾਂ ਨੂੰ ਚੇਤਾਵਨੀਆਂ ਦੀ ਜਾਣਕਾਰੀ ਦੇ ਕੇ ਤਿਆਰੀ ਕਰਨ ਵਿੱਚ ਉਹਨਾਂ ਦੀ ਮਦਦ ਕਰੋ।
- ਜੇਕਰ ਤੁਸੀਂ ਕਵੀਂਸਲੈਂਡ ਜਾਂ ਅੰਤਰ ਰਾਜ ਵਿੱਚ ਜਾ ਰਹੇ ਹੋ ਜਾਂ ਛੁੱਟੀਆਂ ਮਨਾ ਰਹੇ ਹੋ ਅਤੇ ਆਸਰਾ ਲੈਣ ਲਈ ਮਿੱਤਰ ਜਾਂ ਰਿਸ਼ਤੇਦਾਰ ਨਹੀਂ ਹਨ ਤਾਂ ਨਿਕਾਸ ਦੇ ਵਿਕਲਪਾਂ ਦਾ ਪਤਾ ਲਗਾਉਣ ਲਈ ਆਪਣੇ ਨਿਵਾਸ ਮੈਨੇਜਰ ਨਾਲ ਸੰਪਰਕ ਕਰੋ।

ਨਿਕਾਸ ਲਈ ਜਾਂਚਸੂਚੀ

- ☐ ਕੀ ਨਿਕਾਸ ਲਈ ਅਧਿਕਾਰਕ ਸਲਾਹ ਦਿੱਤੀ ਗਈ ਹੈ?
- ☐ ਕੀ ਤੁਹਾਨੂੰ ਪਤਾ ਹੈ ਕਿ ਨਿਕਾਸ ਤੋਂ ਬਾਅਦ ਤੁਸੀਂ ਕਿੱਥੇ ਜਾਓਗੇ?
- ☐ ਕੀ ਤੁਹਾਡਾ ਨਿਕਾਸ ਸਥਾਨ ਕਾਫੀ ਦੂਰ ਅੰਦਰ ਜਾ ਕੇ ਜਾਂ ਉੱਪਰੀ ਮੰਜ਼ਿਲ ਤੇ ਅਤੇ ਸੁਰੱਖਿਅਤ ਹੈ ?
- ☐ ਕੀ ਤੁਹਾਨੂੰ ਨਿਕਾਸ ਲਈ ਮੁੱਖ ਮਾਰਗ ਪਤਾ ਹੈ?
- ☐ ਕੀ ਤੁਹਾਡੇ ਵਾਹਨ ਵਿੱਚ ਪੂਰਾ ਇੰਧਨ ਹੈ?
- ☐ ਕੀ ਤੁਹਾਡੇ ਕੋਲ ਨਿਕਾਸ ਕਿਟ ਹੈ?
- ☐ ਕੀ ਤੁਹਾਡੇ ਕੋਲ ਤੁਹਾਡੀ ਐਮਰਜੈਂਸੀ ਕਿਟ ਅਤੇ ਐਮਰਜੈਂਸੀ ਯੋਜਨਾ ਦੀ ਪ੍ਰਤੀ ਹੈ?
- ☐ ਕੀ ਤੁਹਾਡੇ ਕੋਲ ਤੁਹਾਡੇ ਪਰਿਵਾਰ ਲਈ ਜ਼ਰੂਰੀ ਦਵਾਈਆਂ ਹਨ?
- ☐ ਕੀ ਤੁਹਾਡੇ ਕੋਲ ਜ਼ਰੂਰੀ ਦਸਤਾਵੇਜ ਅਤੇ ਕੀਮਤੀ ਵਸਤੂਆਂ ਹਨ?
- ☐ ਕੀ ਤੁਸੀਂ ਤੁਹਾਡੇ ਘਰ ਦੇ ਬਿਜਲੀ, ਪਾਣੀ ਅਤੇ ਗੈਸ ਦੇ ਸਾਰੇ ਮੁੱਖ ਬਟਨ ਬੰਦ ਕਰ ਦਿੱਤੇ ਹਨ?
- ☐ ਕੀ ਤੁਹਾਡੇ ਪਾਲਤੂ ਜਾਨਵਰ ਸੁਰੱਖਿਅਤ ਹਨ?
- ☐ ਕੀ ਤੁਸੀਂ ਆਪਣੇ ਘਰ ਨੂੰ ਸੁਰੱਖਿਅਤ ਅਤੇ ਤਾਲਾ ਬੰਦ ਕੀਤਾ ਹੈ?
- ☐ ਕੀ ਤੁਸੀਂ ਐਮਰਜੈਂਸੀ ਲਈ ਪਾਣੀ ਦੇ ਡੱਬੇ ਲਏ ਹਨ?
- ☐ ਕੀ ਤੁਸੀਂ ਆਪਣੇ ਬਜ਼ੁਰਗ ਅਤੇ ਅਪੰਗ ਗਵਾਂਢੀਆਂ ਨੂੰ ਵੇਖ ਲਿਆ ਹੈ?
- ☐ ਜੇਕਰ ਤੁਸੀਂ ਇਹ ਜਾਂਚਾਂ ਕਰ ਲਈਆਂ ਹਨ ਤਾਂ ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਤੁਹਾਡੀ ਐਮਰਜੈਂਸੀ ਕਿਟ ਅਤੇ ਨਿਕਾਸ ਕਿਟ ਹੈ ਅਤੇ ਤੁਸੀਂ ਤੁਹਾਡੀ ਨਿਕਾਸ ਯੋਜਨਾ ਸ਼ੁਰੂ ਕਰ ਦਿੱਤੀ ਹੈ।

## ਹਮੇਸ਼ਾ ਯਾਦ ਰੱਖੋ

ਇੱਕ ਐਮਰਜੈਂਸੀ ਯੋਜਨਾ ਬਣਾਉਣਾ ਤੁਹਾਡੇ ਪਰਿਵਾਰ ਦੇ ਜੀਵਨ ਅਤੇ ਐਮਰਜੈਂਸੀ ਦੀਆਂ ਸਥਿੱਤੀਆਂ ਨਾਲ ਨਿਪਟਣ ਵਾਸਤੇ ਤਿਆਰ ਰਹਿਣ ਲਈ ਇੱਕ ਜ਼ਰੂਰੀ ਕਦਮ ਹੈ।

ਘਰ ਦੇ ਸਾਰੇ ਸਦੱਸਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਐਮਰਜੈਂਸੀ ਕਿਟ ਕਿੱਥੇ ਰੱਖੀ ਹੈ।

ਇਹ ਯਕੀਨੀ ਬਣਾਉਣ ਲਈ ਕਿ ਐਮਰਜੈਂਸੀ ਦੀ ਸਥਿੱਤੀ ਵਿੱਚ ਕੀ ਕਰਨਾ ਹੈ, ਕੁਝ ਮਹੀਨਿਆਂ ਬਾਅਦ ਘਰ ਦੇ ਹਰੇਕ ਸਦੱਸ ਨਾਲ ਆਪਣੀ ਐਮਰਜੈਂਸੀ ਯੋਜਨਾ ਦਾ ਅਭਿਆਸ ਕਰੋ।

# ਨਿਕਾਸ ਕਿਟ



ਤੁਹਾਡੀ ਨਿਕਾਸ ਕਿਟ ਇੱਕ ਮਜ਼ਬੂਤ, ਹਲਕੇ ਜਾਂ ਮੋਮਜ਼ਾਮੇ ਵਾਲੇ ਥੈਲੇ ਵਿੱਚ ਰੱਖੀ ਅਤੇ ਅਸਾਨੀ ਨਾਲ ਪਹੁੰਚਣ ਵਾਲੇ ਸੁਰੱਖਿਅਤ ਸਥਾਨ ਤੇ ਸਟੋਰ ਕੀਤੀ ਹੋਣੀ ਚਾਹੀਦੀ ਹੈ

ਤੁਹਾਡੀ ਨਿਕਾਸ ਕਿਟ ਤੁਹਾਡੀ ਐਮਰਜੈਂਸੀ ਕਿਟ ਤੋਂ ਵੱਖ ਤਿਆਰ ਕੀਤੀ ਜਾਂਦੀ ਹੈ। ਜੇਕਰ ਤੁਸੀਂ ਨਿਕਾਸੀ ਕਰਦੇ ਹੋ ਤਾਂ ਆਪਣੀ ਐਮਰਜੈਂਸੀ ਯੋਜਨਾ ਨੂੰ ਸ਼ੁਰੂ ਕਰਨ ਵੇਲੇ ਆਪਣੀ ਐਮਰਜੈਂਸੀ ਕਿਟ, ਐਮਰਜੈਂਸੀ ਯੋਜਨਾ ਅਤੇ ਆਪਣੀ ਨਿਕਾਸ ਕਿਟ ਨੂੰ ਆਪਣੇ ਨਾਲ ਲੈ ਕੇ ਜਾਓ।

ਤੁਹਾਡੀ ਨਿਕਾਸ ਕਿਟ ਵਿੱਚ ਰੱਖਿਆ ਜਾਣ ਵਾਲਾ ਸਮਾਨ


- ਮੋਮਜ਼ਾਮੇ ਵਾਲੇ ਥੈਲੇ ਵਿੱਚ ਘਰ ਦੇ ਸਾਰੇ ਸਦੱਸਾਂ ਦੇ ਬਦਲਣ ਲਈ ਕਾਫੀ ਸਾਰੇ ਕੱਪੜੇ (ਲੰਬੀਆਂ ਪੈਂਟਾਂ, ਪੂਰੀਆਂ ਬਾਹਾਂ ਦੀਆਂ ਕਮੀਜ਼ਾਂ, ਟੋਪ ਅਤੇ ਮਜ਼ਬੂਤ ਬੂਟਾਂ ਦੀ ਸਲਾਹ ਦਿੱਤੀ ਜਾਂਦੀ ਹੈ)
- ਜ਼ਰੂਰੀ ਅਤੇ ਕਈ ਵਾਰ ਲਈਆਂ ਜਾਣ ਵਾਲੀਆਂ ਵਾਧੂ ਦਵਾਈਆਂ
- ਪ੍ਰਾਥਮਿਕ ਚਿਕਿਤਸਾ ਦਾ ਵਾਧੂ ਸਮਾਨ, ਸਨਸਕ੍ਰੀਨ, ਕੀਟਨਾਸ਼ਕ
- ਨਹਾਣ-ਧੋਣ ਅਤੇ ਸਫਾਈ ਦਾ ਵਾਧੂ ਸਮਾਨ
- ਘਰ ਦੇ ਹਰੇਕ ਸਦੱਸ ਲਈ ਸਿਰਹਾਣੇ, ਸਲੀਪਿੰਗ ਬੈਗ ਅਤੇ ਕੰਬਲ
- ਬੱਚਿਆਂ ਲਈ ਕਿਤਾਬਾਂ ਅਤੇ ਖੇਡਾਂ
- ਵਾਧੂ ਬੇਬੀ ਫਾਰਮੂਲਾ, ਭੋਜਨ ਅਤੇ ਲੰਗੋਟ (ਜੇਕਰ ਲੋੜ ਹੋਵੇ)
- ਮੋਮਜ਼ਾਮੇ ਵਾਲੇ ਥੈਲੇ ਵਿੱਚ ਕੀਮਤੀ ਵਸਤੂਆਂ, ਫੋਟੋਆਂ (ਪ੍ਰਿੰਟ, ਕੰਪੈਕਟ ਡਿਸਕ, ਯੂਐਸਬੀ ਡੇਟਾ ਸਟਿੱਕ) ਅਤੇ ਸਮ੍ਰਿਤੀ ਚਿੰਨ
- ਨਕਦੀ ਦੇ ਤੌਰ ਤੇ ਅਤਿਰਿਕਤ ਪੈਸਾ
- ਮੋਬਾਈਲ ਫੋਨ, ਅਤਿਰਿਕਤ ਬੈਟਰੀ ਅਤੇ ਚਾਰਜਰ

ਜ਼ਰੂਰੀ ਦਸਤਾਵੇਜ

- ਆਪਣੀ ਐਮਰਜੈਂਸੀ ਕਿਟ ਅਤੇ ਨਿਕਾਸ ਕਿਟ ਵਿੱਚ ਹੇਠਾਂ ਦਿੱਤੇ ਦਸਤਾਵੇਜਾਂ ਦੀ ਅਸਲੀ ਜਾਂ ਪ੍ਰਮਾਣਿਤ ਪ੍ਰਤੀ ਰੱਖੋ।
- ਇਹਨਾਂ ਦਸਤਾਵੇਜਾਂ ਦੀਆਂ ਪ੍ਰਤੀਆਂ ਨੂੰ ਸਕੈਨ ਕਰੋ ਅਤੇ ਆਪਣੀ ਕਿਟ ਵਿੱਚ ਰੱਖਣ ਲਈ ਕਿਸੇ ਯੂਐਸਬੀ ਮੈਮਰੀ ਸਟਿੱਕ ਜਾਂ ਸੀਡੀ ਵਿੱਚ ਸੰਭਾਲ ਕੇ ਰਖੋ। ਇਹਨਾਂ ਸਾਰੀਆਂ ਚੀਜਾਂ ਨੂੰ ਮੋਮਜ਼ਾਮੇ ਵਾਲੇ ਬੰਦ ਥੈਲੇ ਵਿੱਚ ਰੱਖੋ।

- [ ] ਆਪਣੇ ਘਰ ਅਤੇ ਸਮਾਨ ਦੇ ਬੀਮੇ ਦੇ ਕਾਗਜ
- [ ] ਵਾਹਨਾਂ ਅਤੇ ਕੀਮਤੀ ਵਸਤਾਂ ਦੇ ਬੀਮੇ ਦੇ ਕਾਗਜ
- [ ] ਘਰ ਦੇ ਕੀਮਤੀ ਸਮਾਨ ਦੀ ਸੂਚੀ
- [ ] ਵਸੀਅਤ ਅਤੇ ਜੀਵਨ ਬੀਮਾ ਦੇ ਦਸਤਾਵੇਜ
- [ ] ਘਰ ਦੇ ਵਸੀਕਾ/ਗਿਰਵੀ ਦੇ ਕਾਗਜ
- [ ] ਜਨਮ ਅਤੇ ਵਿਆਹ ਦੇ ਸਰਟੀਫਿਕੇਟ
- [ ] ਪਾਸਪੋਰਟ/ਵੀਜਾ ਵੇਰਵੇ
- [ ] ਸਟੌਕ ਅਤੇ ਬੌਂਡ
- [ ] ਚਿਕਿਤਸਾ ਅਤੇ ਪੈਂਸ਼ਨ ਕਾਰਡ
- [ ] ਪ੍ਰਤੀਰੱਖਿਆ ਰਿਕਾਰਡ
- [ ] ਬੈਂਕ ਖਾਤਾ ਅਤੇ ਕ੍ਰੈਡਿਟ ਕਾਰਡ ਵੇਰਵੇ
- [ ] ਕੰਪਿਊਟਰ ਦੀਆਂ ਫਾਈਲਾਂ ਦੀ ਬੈਕ-ਅਪ ਕਾਪੀ
- [ ] ਐਮਰਜੈਂਸੀ ਸੰਪਰਕ ਨੰਬਰਾਂ ਸਮੇਤ ਘਰੇਲੂ ਐਮਰਜੈਂਸੀ ਯੋਜਨਾ
- [ ] ਐਮਰਜੈਂਸੀ ਸੰਪਰਕ ਟੈਲੀਫੋਨ ਨੰਬਰ

## ਨਿਕਾਸ ਕਿਟ




ਇਹ ਰਸਾਲਾ ਕੇਵਲ ਸੂਚਨਾ ਦੇਣ ਅਤੇ ਤੁਹਾਡੀ ਭਲਾਈ ਲਈ ਹੈ। ਸਮੁਦਾਏ ਸੁਰੱਖਿਆ ਵਿਭਾਗ, ਐਮਰਜੈਂਸੀ ਮੈਨੇਜਮੈਂਟ ਕਵੀਂਸਲੈਂਡ ਅਤੇ ਰਾਜ ਐਮਰਜੈਂਸੀ ਸੇਵਾ ਅਜਿਹੀ ਕਿਸੇ ਵੀ ਹਾਨੀ ਜਾਂ ਨੁਕਸਾਨ ( ਜ਼ਿਮਨੀ ਹਾਨੀ ਜਾਂ ਨੁਕਸਾਨ ਸਮੇਤ) ਦੀ ਜ਼ਿੰਮੇਵਾਰੀ ਨਹੀਂ ਲੈਂਦੀ ਜੋ ਕਿਸੇ ਵਿਅਕਤੀ ਨੂੰ ਇਸ ਰਸਾਲੇ ਵਿੱਚ ਦਿੱਤੀ ਸੂਚਨਾ ਤੇ ਨਿਰਭਰਤਾ ਦੇ ਸੰਬੰਧ ਵਿੱਚ ਸਹਿਣੀ ਪੈ ਸਕਦੀ ਹੈ ਜਾਂ ਕਿਸੇ ਢੰਗ ਨਾਲ ਹੋ ਸਕਦੀ ਹੈ ਜਾਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਤੋਂ ਉਤਪੰਨ ਹੋ ਸਕਦੀ ਹੈ।

ਐਮਰਜੈਂਸੀ ਤਿਆਰੀਆਂ ਬਾਰੇ ਵਧੇਰੇ ਜਾਣਕਾਰੀ ਲਈ www.disaster.qld.gov.au ਤੇ ਜਾਓ।

© 2011 Department of Community Safety

Queensland Government